

2022

# ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ


ਇਸ ਹੈਲਪ ਸ਼ੀਟ ਲਈ ਫੰਡ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ


## ਆਮ ਜਾਣਕਾਰੀ

ਇਹ ਹੈਲਪ ਸ਼ੀਟ ਇਨ੍ਹਾਂ ਵਿਸ਼ਿਆਂ ਨੂੰ ਕਵਰ ਕਰੇਗੀ:

- ਡਿਸਏਬਿਲਟੀ ਇਨਸ਼ੋਰੈਂਸ ਕੀ ਹੈ?
- ਥੋੜ੍ਹੇ ਸਮੇਂ ਲਈ ਅਤੇ ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ
- ਡਿਸਏਬਿਲਟੀ ਇਨਸ਼ੋਰੈਂਸ ਅਤੇ ਸਰਕਾਰ ਦੇ ਡਿਸਏਬਿਲਟੀ ਭੱਤੇ
- ਐਪਲੀਕੇਸ਼ਨ ਦੀ ਕਾਰਵਾਈ
- ਭੱਤਿਆਂ ਲਈ ਯੋਗਤਾ
- ਯੋਗਤਾ ਨੂੰ ਕਾਇਮ ਰੱਖਣਾ
- ਕੰਮ 'ਤੇ ਵਾਪਸ ਜਾਣਾ
- ਅਪੀਲਾਂ
- ਸੁਝਾਅ ਅਤੇ ਆਮ ਸਲਾਹ
- ਆਪਣੀ ਪੌਲਸੀ ਲੈਣਾ
- ਆਪਣੀ ਫਾਇਲ ਲੈਣਾ
- ਕਾਨੂੰਨੀ ਸਲਾਹ ਲੈਣਾ




ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ 'ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ 'ਤੇ ਤਾਰੀਕ ਚੈੱਕ ਕਰੋ।

# ਡਿਸਏਬਿਲਟੀ ਇਨਸ਼ੋਰੈਂਸ ਕੀ ਹੈ?

ਡਿਸਏਬਿਲਟੀ ਇਨਸ਼ੋਰੈਂਸ ਉਨ੍ਹਾਂ ਲੋਕਾਂ ਨੂੰ ਪੇਮੈਂਟਾਂ (ਪੈਸੇ) ਦਿੰਦੀ ਹੈ ਜਿਹੜੇ ਆਪਣੀ ਡਿਸਏਬਿਲਟੀ (ਅਪਾਹਜਤਾ) ਕਾਰਨ ਕੰਮ ਕਰਨ ਦੇ ਅਯੋਗ ਹਨ। ਹਰ ਇਕ ਦੀ ਡਿਸਏਬਿਲਟੀ ਇਨਸ਼ੋਰੈਂਸ ਤੱਕ ਪਹੁੰਚ ਨਹੀਂ ਹੈ। ਇਹ ਕਿਸੇ ਸਰਕਾਰੀ ਏਜੰਸੀ ਤੋਂ ਮਿਲਣ ਦੇ ਉਲਟ ਕਿਸੇ ਪ੍ਰਾਈਵੇਟ ਇਨਸ਼ੋਰੈਂਸ ਕੰਪਨੀ ਵਲੋਂ ਦਿੱਤੀ ਜਾਂਦੀ ਹੈ। ਡਿਸਏਬਿਲਟੀ ਇਨਸ਼ੋਰੈਂਸ ਅਕਸਰ ਕੰਮ-ਮਾਲਕਾਂ (ਇਮਪਲੌਏਅਰਜ਼) ਵਲੋਂ ਮੁਲਾਜ਼ਮ ਦੇ ਬੈਨੇਫਿਟਸ ਪੈਕੇਜ ਦੇ ਹਿੱਸੇ ਵਜੋਂ ਪ੍ਰਦਾਨ ਕੀਤੀ ਜਾਂਦੀ ਹੈ, ਪਰ ਇਹ ਪ੍ਰਾਈਵੇਟ ਵੀ ਖਰੀਦੀ ਜਾ ਸਕਦੀ ਹੈ। ਕੁਝ ਯੂਨੀਅਨਾਂ ਆਪਣੇ ਮੈਂਬਰਾਂ ਨੂੰ ਡਿਸਏਬਿਲਟੀ ਇਨਸ਼ੋਰੈਂਸ ਦੀ ਕਵਰੇਜ ਪ੍ਰਦਾਨ ਕਰਦੀਆਂ ਹਨ। ਡਿਸਏਬਿਲਟੀ ਇਨਸ਼ੋਰੈਂਸ ਦਾ ਮੰਤਵ ਉਸ ਕੁਝ ਆਮਦਨ ਦੀ ਥਾਂ ਲੈ ਲੈਣਾ ਹੈ ਜਿਹੜੀ ਤੁਸੀਂ ਜੇ ਡਿਸਏਬਿਲਟੀ ਨਾ ਹੁੰਦੀ ਤਾਂ ਕਮਾਉਣੀ ਸੀ।

ਡਿਸਏਬਿਲਟੀ ਇਨਸ਼ੋਰੈਂਸ ਦੇ ਸਾਰੇ ਰੂਪ ਇਨਸ਼ੋਰੈਂਸ ਪੌਲਸੀ ’ਤੇ ਆਧਾਰਿਤ ਹਨ, ਜੋ ਕਿ ਇਨਸ਼ੋਰੈਂਸ ਕੰਪਨੀ ਅਤੇ ਇਨਸ਼ੋਰੈਂਸ ਵਾਲੇ ਵਿਅਕਤੀ ਵਿਚਕਾਰ, ਜਾਂ ਇਨਸ਼ੋਰੈਂਸ ਕੰਪਨੀ ਅਤੇ ਇਨਸ਼ੋਰੈਂਸ ਵਾਲੇ ਵਿਅਕਤੀ ਦੇ ਕੰਮ-ਮਾਲਕ/ਯੂਨੀਅਨ ਵਿਚਕਾਰ (ਜਦੋਂ ਡਿਸਏਬਿਲਟੀ ਇਨਸ਼ੋਰੈਂਸ ਕੰਮ-ਮਾਲਕ/ਯੂਨੀਅਨ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ) ਇਕਰਾਰਨਾਮੇ ਦੀ ਇਕ ਕਿਸਮ ਹੈ।

ਡਿਸਏਬਿਲਟੀ ਇਨਸ਼ੋਰੈਂਸ ਦੀ ਹਰ ਪੌਲਸੀ ਵੱਖਰੀ ਹੈ, ਇਸ ਕਰਕੇ ਇਸ ਨੂੰ ਧਿਆਨ ਨਾਲ ਪੜ੍ਹਨਾ ਅਤੇ ਪੌਲਸੀ ਦੀਆਂ ਸ਼ਰਤਾਂ ਨੂੰ ਸਮਝਣਾ ਮਹੱਤਵਪੂਰਨ ਹੈ।

# ਥੋੜ੍ਹੇ ਸਮੇਂ ਲਈ ਅਤੇ ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ

ਥੋੜ੍ਹੇ ਸਮੇਂ ਲਈ ਡਿਸਏਬਿਲਟੀ ਕਵਰੇਜ ਇਕ ਛੋਟੇ ਉਡੀਕ ਸਮੇਂ ਤੋਂ ਬਾਅਦ ਸ਼ੁਰੂ ਹੁੰਦੀ ਹੈ ਅਤੇ ਇਹ ਉਸ ਸਮੇਂ ਤੋਂ 52 ਹਫਤਿਆਂ ਤੱਕ ਰਹਿ ਸਕਦੀ ਹੈ ਜਦੋਂ ਤੁਸੀਂ ਕੰਮ ਕਰਨ ਦੇ ਅਯੋਗ ਹੁੰਦੇ ਹੋ, ਜੋ ਕਿ ਪੌਲਸੀ ਦੀਆਂ ਸ਼ਰਤਾਂ ’ਤੇ ਨਿਰਭਰ ਕਰਦਾ ਹੈ। ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ ਥੋੜ੍ਹੇ ਸਮੇਂ ਦੇ ਡਿਸਏਬਿਲਟੀ ਦੇ ਸਮੇਂ ਤੋਂ ਅੱਗੇ ਕਵਰੇਜ ਪ੍ਰਦਾਨ ਕਰਦੀ ਹੈ। ਥੋੜ੍ਹੇ ਸਮੇਂ ਲਈ ਅਤੇ ਲੰਮੇ ਸਮੇਂ ਲਈ ਡਿਸਏਬਿਲਟੀ ਦੋਨੋਂ ਆਮ ਤੌਰ ’ਤੇ ਉਸ ਨਾਲੋਂ ਘੱਟ ਰੇਟ ’ਤੇ ਪੇਮੈਂਟਾਂ ਦਿੰਦੀ ਹੈ ਜਿਹੜੀ ਕਮਾਈ ਤੁਸੀਂ ਉਸ ਸਮੇਂ ਤੋਂ ਪਹਿਲਾਂ ਕੀਤੀ ਸੀ ਜਦੋਂ ਤੁਹਾਡੀ ਡਿਸਏਬਿਲਟੀ ਨੇ ਤੁਹਾਨੂੰ ਕੰਮ ਕਰਨ ਤੋਂ ਰੋਕਿਆ ਸੀ, ਆਮ ਤੌਰ ’ਤੇ ਤੁਹਾਡੀ ਡਿਸਏਬਿਲਟੀ ਤੋਂ ਪਹਿਲਾਂ ਕੰਮ ਦੀ ਆਮਦਨ ਦੇ 50% ਅਤੇ 75% ਦੇ ਵਿਚਕਾਰ। ਤੁਹਾਨੂੰ ਪੇਮੈਂਟ ਦੀ ਕਿੰਨੀ ਰਕਮ ਮਿਲਦੀ ਹੈ, ਇਹ ਤੁਹਾਡੀ ਇਨਸ਼ੋਰੈਂਸ ਪੌਲਸੀ ਦੀਆਂ ਸ਼ਰਤਾਂ ’ਤੇ ਨਿਰਭਰ ਕਰਦਾ ਹੈ।

# ਡਿਸਏਬਿਲਟੀ ਇਨਸ਼ੋਰੈਂਸ ਅਤੇ ਸਰਕਾਰ ਦੇ ਡਿਸਏਬਿਲਟੀ ਭੱਤੇ

ਡਿਸਏਬਿਲਟੀ ਇਨਸ਼ੋਰੈਂਸ ਬੀ ਸੀ, ਪਰਸਨਜ਼ ਵਿਦ ਡਿਸਏਬਿਲਟੀਜ਼ ਇਨਕਮ ਸੁਪੋਰਟ ਪ੍ਰੋਗਰਾਮ ਨਾਲੋਂ ਵੱਖਰੀ ਹੈ, ਜਿਸ ਦੇ ਬਹੁਤ ਵੱਖਰੇ ਨਿਯਮ ਅਤੇ ਭੱਤੇ ਹਨ।

ਇਹ ਕੈਨੇਡਾ ਪੈਨਸ਼ਨ ਪਲੈਨ – ਫੈਡਰਲ ਸਰਕਾਰ ਤੋਂ ਡਿਸਏਬਿਲਟੀ (ਸੀ ਪੀ ਪੀ-ਡੀ) ਬੈਨਫਿਟਸ ਤੋਂ ਵੀ ਵੱਖਰੀ ਹੈ।

ਡਿਸਏਬਿਲਟੀ ਇਨਸ਼ੋਰੈਂਸ ਦੀਆਂ ਬਹੁਤੀਆਂ ਪੌਲਸੀਆਂ ਤੁਹਾਡੇ ਤੋਂ ਹੋਰ ਆਮਦਨ ਹਾਸਲ ਕਰਨ ਦੀ ਮੰਗ ਕਰਦੀਆਂ ਹਨ, ਬਹੁਤਾ ਕਰਕੇ ਸੀ ਪੀ ਪੀ-ਡੀ। ਜੇ ਤੁਸੀਂ ਡਿਸਏਬਿਲਟੀ ਇਨਸ਼ੋਰੈਂਸ ਲਈ ਕਲੇਮ ’ਤੇ ਵਿਚਾਰ ਕਰ ਰਹੇ ਹੋ ਤਾਂ ਤੁਹਾਨੂੰ ਸੀ ਪੀ ਪੀ-ਡੀ ਲਈ ਅਪਲਾਈ ਕਰਨ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ।

# ਡਿਸਏਬਿਲਟੀ ਇਨਸ਼ੋਰੈਂਸ ਦੇ ਭੱਤਿਆਂ ਲਈ ਅਪਲਾਈ ਕਰਨਾ

1. ਆਪਣੇ ਕੰਮ-ਮਾਲਕ ਜਾਂ ਇਨਸ਼ੋਰੈਂਸ ਕੰਪਨੀ ਤੋਂ ਐਪਲੀਕੇਸ਼ਨ ਫਾਰਮ ਮੰਗੋ।
2. ਫਾਰਮ ਭਰਨ ਵੇਲੇ, ਆਪਣੀ ਹਾਲਤ ਨੂੰ ਘੱਟ ਤੋਂ ਘੱਟ ਨਾ ਦੱਸੋ – "ਮਾੜੇ ਦਿਨ" ਦੇ ਦ੍ਰਿਸ਼ਟੀਕੋਣ ਦੀ ਵਰਤੋਂ ਕਰੋ ਅਤੇ ਆਪਣੀਆਂ ਬੰਦਸ਼ਾਂ 'ਤੇ ਜੋਰ ਦਿਉ।
3. ਅਪਲਾਈ ਕਰਨ ਲਈ ਜੇ ਤੁਹਾਨੂੰ ਮਦਦ ਦੀ ਲੋੜ ਸੀ ਤਾਂ ਇਸ ਬਾਰੇ ਇਨਸ਼ੋਰੈਂਸ ਕੰਪਨੀ ਨੂੰ ਦੱਸੋ ਤਾਂ ਕਿ ਉਹ ਇਹ ਕਲਪਨਾ ਨਾ ਕਰ ਲੈਣ ਕਿ ਤੁਸੀਂ ਇਹ ਸਾਰਾ ਆਪ ਕੀਤਾ ਹੈ।
4. ਆਪਣੀ ਐਪਲੀਕੇਸ਼ਨ ਬਾਰੇ ਆਪਣੇ ਡਾਕਟਰ ਅਤੇ ਹੋਰ ਹੈਲਥ-ਕੇਅਰ ਪ੍ਰੋਵਾਈਡਰਜ਼ ਨਾਲ ਵਿਚਾਰ ਕਰੋ। ਇਹ ਪੱਕਾ ਕਰੋ ਕਿ ਤੁਹਾਡਾ ਡਾਕਟਰ ਇਹ ਸਮਝਦਾ ਹੈ ਕਿ ਤੁਹਾਡੀ ਡਿਸਏਬਿਲਟੀ ਤੁਹਾਡੇ 'ਤੇ ਕਿਵੇਂ ਅਸਰ ਪਾਉਂਦੀ ਹੈ ਅਤੇ ਤੁਸੀਂ ਕੰਮ ਕਰਨ ਦੇ ਅਯੋਗ ਕਿਉਂ ਹੋ।

ਇਨਸ਼ੋਰੈਂਸ ਕੰਪਨੀ ਵੀ ਤੁਹਾਡੇ ਬਾਰੇ ਤੁਹਾਡੇ ਡਾਕਟਰ ਦੇ ਰਿਕਾਰਡ ਲਵੇਗੀ। ਡਾਕਟਰ ਦੇ ਰਿਕਾਰਡਾਂ ਦਾ ਤੁਹਾਡੀ ਐਪਲੀਕੇਸ਼ਨ ਉੱਪਰ ਅਸਰ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਆਪਣੀਆਂ ਸਾਰੀਆਂ ਬੰਦਸ਼ਾਂ ਬਾਰੇ ਆਪਣੇ ਡਾਕਟਰ ਨੂੰ ਦੱਸਣਾ, ਅਤੇ ਇਨ੍ਹਾਂ ਬਾਰੇ ਨੇਮ ਨਾਲ ਅਪਡੇਟ ਕਰਨਾ ਮਹੱਤਵਪੂਰਨ ਹੈ ਤਾਂ ਜੋ ਉਨ੍ਹਾਂ ਦੇ ਰਿਕਾਰਡ ਵੀ ਉਹ ਹੀ ਕਹਿਣ ਜੋ ਤੁਸੀਂ ਆਪਣੀ ਐਪਲੀਕੇਸ਼ਨ ਵਿਚ ਕਿਹਾ ਹੈ।

# ਭੱਤਿਆਂ ਲਈ ਯੋਗਤਾ

ਜੇ ਤੁਹਾਡੇ ਕੋਲ ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ ਹੈ ਤਾਂ ਤੁਸੀਂ ਪੇਮੈਂਟਾਂ ਲਈ ਹੱਕਦਾਰ ਹੋ, ਜੇ ਤੁਸੀਂ ਆਪਣੀ ਡਿਸਏਬਿਲਟੀ ਕਰਕੇ ਆਪਣੀ ਜੌਬ 'ਤੇ ਕੰਮ ਕਰਨ ਦੇ ਅਯੋਗ ਹੋ। ਪਰ 2 ਸਾਲਾਂ ਲਈ ਇਨਸ਼ੋਰੈਂਸ ਦੀਆਂ ਪੇਮੈਂਟਾਂ ਲੈ ਲੈਣ ਤੋਂ ਬਾਅਦ, ਤੁਸੀਂ ਸਿਰਫ ਤਾਂ ਹੀ ਯੋਗ ਹੋ ਜੇ ਤੁਸੀਂ ਕੋਈ ਵੀ ਕੰਮ ਕਰਨ ਦੇ ਅਯੋਗ ਹੋ। ਇਹ ਇਸ ਕਰਕੇ ਹੈ ਕਿਉਂਕਿ ਡਿਸਏਬਿਲਟੀ ਇਨਸ਼ੋਰੈਂਸ ਦੀਆਂ ਬਹੁਤੀਆਂ ਪੌਲਸੀਆਂ "ਡਿਸਏਬਲਡ" ਦੀ ਪਰਿਭਾਸ਼ਾ ਪਹਿਲੇ ਦੋ ਸਾਲ ਲਈ "ਆਪਣੀ ਜੌਬ ਕਰਨ ਦੇ ਅਯੋਗ" ਵਜੋਂ ਕਰਦੀਆਂ ਹਨ ਜਦੋਂ ਤੁਸੀਂ ਪੇਮੈਂਟ ਪ੍ਰਾਪਤ ਕਰਦੇ ਹੋ, ਪਰ ਦੋ ਸਾਲਾਂ ਲਈ ਪੇਮੈਂਟਾਂ ਲੈਣ ਤੋਂ ਬਾਅਦ ਪਰਿਭਾਸ਼ਾ "ਕੋਈ ਵੀ ਕੰਮ ਕਰਨ ਦੇ ਅਯੋਗ" ਵਿਚ ਬਦਲ ਜਾਂਦੀ ਹੈ। ਇਸ ਕਾਰਨ ਕਰਕੇ, ਇਨਸ਼ੋਰੈਂਸ ਪੇਮੈਂਟਾਂ ਦੀ 2-ਸਾਲਾ ਵਰ੍ਹੇ ਗੰਢ ਨੂੰ ਅਕਸਰ "ਪਰਿਭਾਸ਼ਾ ਦੀ ਤਬਦੀਲੀ" ਦੀ ਤਾਰੀਕ ਕਿਹਾ ਜਾਂਦਾ ਹੈ।

# "ਪਰਿਭਾਸ਼ਾ ਦੀ ਤਬਦੀਲੀ" ਦੀ ਤਾਰੀਕ

"ਪਰਿਭਾਸ਼ਾ ਦੀ ਤਬਦੀਲੀ" (ਸੀ ਓ ਡੀ) ਦੀ ਤਾਰੀਕ ਤੱਕ ਆਉਣ ਵਾਲਾ ਸਮਾਂ ਤਣਾਅ ਵਾਲਾ ਹੋ ਸਕਦਾ ਹੈ। ਜੇ ਇਨਸ਼ੋਰੈਂਸ ਕੰਪਨੀ ਇਹ ਫੈਸਲਾ ਕਰਦੀ ਹੈ ਕਿ ਤੁਸੀਂ ਕੋਈ ਹੋਰ ਕੰਮ ਕਰਨ ਦੇ ਯੋਗ ਹੋ, ਭਾਵੇਂ ਇਹ ਕੰਮ ਅਜਿਹਾ ਵੀ ਹੋਵੇ ਜਿਹੜਾ ਤੁਸੀਂ ਪਹਿਲਾਂ ਨਹੀਂ ਕੀਤਾ ਜਾਂ ਅਜਿਹਾ ਹੋਵੇ ਜਿਸ ਲਈ ਰੁਜ਼ਗਾਰ ਦੀਆਂ ਸੰਭਾਵਨਾਵਾਂ ਘੱਟ ਹਨ, ਫਿਰ ਇਨਸ਼ੋਰੈਂਸ ਭੱਤੇ ਬੰਦ ਕੀਤੇ ਜਾ ਸਕਦੇ ਹਨ। ਜੇ ਇਨਸ਼ੋਰੈਂਸ ਕੰਪਨੀ ਤੁਹਾਡੇ ਭੱਤੇ ਬੰਦ ਕਰਨ ਬਾਰੇ ਵਿਚਾਰ ਕਰ ਰਹੀ ਹੋਵੇ ਤਾਂ ਉਹ ਤੁਹਾਨੂੰ ਇਸ ਬਾਰੇ ਆਮ ਤੌਰ 'ਤੇ ਕਈ ਹਫਤੇ ਪਹਿਲਾਂ ਦੱਸਣਗੇ।

ਭਾਵੇਂ ਭੱਤੇ ਜਾਰੀ ਵੀ ਰਹਿੰਦੇ ਹਨ, ਸੀ ਓ ਡੀ ਦੀ ਤਾਰੀਕ ਤੋਂ ਬਾਅਦ ਮਹੀਨਾਵਾਰ ਪੇਮੈਂਟਾਂ ਘੱਟ ਕੀਤੀਆਂ ਜਾ ਸਕਦੀਆਂ ਹਨ, ਜੋ ਕਿ ਤੁਹਾਡੀ ਇਨਸ਼ੋਰੈਂਸ ਪੌਲਸੀ ਦੇ ਵੇਰਵਿਆਂ 'ਤੇ ਨਿਰਭਰ ਕਰਦਾ ਹੈ।

# ਯੋਗਤਾ ਨੂੰ ਕਾਇਮ ਰੱਖਣਾ

ਬਹੁਤੀਆਂ ਡਿਸਏਬਿਲਟੀ ਇਨਸ਼ੋਰੈਂਸ ਪੌਲਸੀਆਂ ਤੁਹਾਡੇ ਤੋਂ ਸਦਾ "ਡਾਕਟਰ ਦੀ ਨਿਗਰਾਨੀ ਹੇਠ" ਰਹਿਣ ਦੀ ਮੰਗ ਕਰਦੀਆਂ ਹਨ। ਨਤੀਜੇ ਵਜੋਂ, ਆਪਣੇ ਡਾਕਟਰ ਨੂੰ ਨੇਮ ਨਾਲ ਦੇਖਦੇ ਰਹਿਣਾ ਜ਼ਰੂਰੀ ਹੈ, ਭਾਵੇਂ ਤੁਹਾਡੀ ਹਾਲਤ ਬਦਲਣ ਦੀ ਸੰਭਾਵਨਾ ਨਾ ਵੀ ਹੋਵੇ। ਜੇ ਇਨਸ਼ੋਰੈਂਸ ਕੰਪਨੀ ਤਾਜ਼ਾ ਮੈਡੀਕਲ ਜਾਣਕਾਰੀ ਦੀ ਮੰਗ ਕਰਦੀ ਹੈ ਤਾਂ ਸੰਭਾਵਨਾ ਹੈ ਕਿ ਤੁਹਾਨੂੰ ਜਾਂ ਤੁਹਾਡੇ ਡਾਕਟਰ ਨੂੰ ਇਹ ਦੇਣੀ ਪਵੇਗੀ।

## ਕੰਮ ’ਤੇ ਵਾਪਸ ਜਾਣਾ

ਜੇ ਤੁਹਾਡਾ ਡਾਕਟਰ ਇਹ ਸੋਚਦਾ ਹੈ ਕਿ ਤੁਹਾਡੇ ਲਈ ਕੰਮ ’ਤੇ ਵਾਪਸ ਜਾਣਾ ਸੰਭਵ ਹੈ ਤਾਂ ਇਸ ਬਾਰੇ ਇਨਸ਼ੋਰੈਂਸ ਕੰਪਨੀ ਨੂੰ ਸਮੇਂ ਤੋਂ ਪਹਿਲਾਂ ਦੱਸੋ। ਬਹੁਤੀਆਂ ਪੌਲਸੀਆਂ ਤੁਹਾਡੇ ਭੱਤੇ ਕੱਟੇ ਬਿਨਾਂ “ਸਹਿਜੇ ਸਹਿਜੇ ਕੰਮ ’ਤੇ ਵਾਪਸ ਜਾਣ” (ਜੀ ਆਰ ਟੀ ਡਬਲਯੂ) ਦੀ ਆਗਿਆ ਦਿੰਦੀਆਂ ਹਨ। ਪਰ ਜੀ ਆਰ ਟੀ ਡਬਲਯੂ ਦੀ ਪ੍ਰਵਾਨਗੀ ਇਨਸ਼ੋਰੈਂਸ ਕੰਪਨੀ ਵਲੋਂ ਅਗਾਊਂ ਦਿੱਤੀ ਜਾਣੀ ਜ਼ਰੂਰੀ ਹੈ। ਜੇ ਨਹੀਂ ਤਾਂ ਤੁਸੀਂ ਆਪਣੇ ਭੱਤੇ ਗਵਾ ਸਕਦੇ ਹੋ।

ਜੇ ਇਨਸ਼ੋਰੈਂਸ ਕੰਪਨੀ ਜਾਂ ਤੁਹਾਡਾ ਕੰਮ-ਮਾਲਕ ਇਹ ਯਕੀਨ ਕਰਦੇ ਹਨ ਕਿ ਤੁਸੀਂ ਕੰਮ ’ਤੇ ਵਾਪਸ ਜਾਣ ਦੇ ਯੋਗ ਹੋ ਤਾਂ ਉਹ ਤੁਹਾਡੇ ’ਤੇ ਜੀ ਆਰ ਟੀ ਡਬਲਯੂ ਕਰਕੇ ਦੇਖਣ ਲਈ ਪਰੈਸ਼ਰ ਪਾ ਸਕਦੇ ਹਨ। ਜੇ ਤੁਹਾਡੇ ’ਤੇ ਜੀ ਆਰ ਟੀ ਡਬਲਯੂ ਲਈ ਪਰੈਸ਼ਰ ਪਾਇਆ ਜਾ ਰਿਹਾ ਹੈ ਅਤੇ ਤੁਸੀਂ ਇਹ ਯਕੀਨ ਨਹੀਂ ਕਰਦੇ ਕਿ ਤੁਸੀਂ ਤਿਆਰ ਹੋ ਤਾਂ ਤੁਹਾਨੂੰ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ। ਬਹੁਤੇ ਕੇਸਾਂ ਵਿਚ, ਤੁਹਾਡੀ ਇਨਸ਼ੋਰੈਂਸ ਕੰਪਨੀ ਜਾਂ ਕੰਮ-ਮਾਲਕ ਲਈ, ਕੰਮ ’ਤੇ ਵਾਪਸ ਜਾਣ ਦੀ ਤੁਹਾਡੀ ਤਿਆਰੀ ਬਾਰੇ ਤੁਹਾਡੇ ਡਾਕਟਰ ਦੀ ਰਾਇ ਦਾ ਆਦਰ ਕਰਨਾ ਜ਼ਰੂਰੀ ਹੁੰਦਾ ਹੈ।

## ਅਪੀਲਾਂ

ਜੇ ਤੁਹਾਡੀ ਐਪਲੀਕੇਸ਼ਨ ਰੱਦ ਕਰ ਦਿੱਤੀ ਗਈ ਹੈ ਜਾਂ ਤੁਹਾਡੇ ਭੱਤੇ ਬੰਦ ਕਰ ਦਿੱਤੇ ਗਏ ਹਨ ਤਾਂ ਇਨਸ਼ੋਰੈਂਸ ਕੰਪਨੀ ਸੰਭਵ ਤੌਰ ’ਤੇ ਇਸ ਫੈਸਲੇ ਵਿਰੁੱਧ ਅਪੀਲ ਕਰਨ ਦਾ ਮੌਕਾ ਦੇਵੇਗੀ। ਜੇ ਤੁਹਾਡੇ ਕੋਲ ਮਹੱਤਵਪੂਰਨ ਅਤੇ ਨਵੀਂ ਮੈਡੀਕਲ ਜਾਣਕਾਰੀ ਨਾ ਹੋਵੇ ਤਾਂ ਅਪੀਲ ਕਾਮਯਾਬ ਨਹੀਂ ਹੋਵੇਗੀ।

## ਸੁਝਾਅ ਅਤੇ ਆਮ ਸਲਾਹ

1. ਇਨਸ਼ੋਰੈਂਸ ਕੰਪਨੀ ਨੂੰ ਭੇਜੇ ਗਏ ਸਾਰੇ ਪੇਪਰਾਂ (ਡਾਕੂਮੈਂਟਸ) ਦੀਆਂ ਕਾਪੀਆਂ ਰੱਖੋ।
2. ਇਨਸ਼ੋਰੈਂਸ ਕੰਪਨੀ ਨਾਲ ਕੀਤੀਆਂ ਗਈਆਂ ਗੱਲਾਂ ਦੇ ਨੋਟਸ ਅਤੇ/ਜਾਂ ਫੋਨ ’ਤੇ ਹੋਈ ਗੱਲਬਾਤ ਦੀ ਰਿਕਾਰਡਿੰਗ ਰੱਖੋ।
3. ਜੇ ਇਨਸ਼ੋਰੈਂਸ ਕੰਪਨੀ ਤੁਹਾਨੂੰ ਮਾੜੀ ਖਬਰ ਦਿੰਦੀ ਹੈ ਤਾਂ ਇਸ ਨੂੰ ਮਨ ’ਤੇ ਨਾ ਲਾਵੋ – ਯਾਦ ਰੱਖੋ ਕਿ ਇਨਸ਼ੋਰੈਂਸ ਕੰਪਨੀ ਇਕ ਬਿਜ਼ਨਸ ਹੈ।
4. ਸਹਿਯੋਗ ਦਿਉ ਅਤੇ ਨਿਮਰ ਰਹੋ – ਇਨਸ਼ੋਰੈਂਸ ਕੰਪਨੀ ਨੂੰ ਇਹ ਪੱਕਾ ਕਰਨ ਲਈ ਤੁਹਾਡੇ ਕਲੇਮ ਦੀ ਪੜਤਾਲ ਕਰਨ ਦਾ ਹੱਕ ਹੈ ਕਿ ਤੁਸੀਂ ਭੱਤਿਆਂ ਲਈ ਯੋਗ ਹੋ।

## ਆਪਣੀ ਪੌਲਸੀ ਲੈਣਾ

ਇਨਸ਼ੋਰੈਂਸ ਪੌਲਸੀ ਵਿਸਥਾਰ ਵਿਚ ਨਿਯਮ ਮਿੱਥਦੀ ਹੈ ਜਿਨ੍ਹਾਂ ਦੀ ਤੁਹਾਡੇ ਲਈ ਇਨਸ਼ੋਰੈਂਸ ਵਾਸਤੇ ਯੋਗ ਹੋਣ ਲਈ ਪਾਲਣਾ ਕਰਨਾ ਜ਼ਰੂਰੀ ਹੈ। ਇਹ ਬੈਨੇਫਿਟਸ ਬੁੱਕਲਿਟ ਤੋਂ ਵੱਖਰੀ ਹੈ। ਬੈਨੇਫਿਟਸ ਬੁੱਕਲਿਟ ਆਮ ਤੌਰ ’ਤੇ ਪੌਲਸੀ ਦਾ ਇਕ ਛੋਟਾ, ਪੜ੍ਹਨ ਲਈ ਸੌਖਾ ਰੂਪ ਹੁੰਦੀ ਹੈ। ਅਸਲੀ ਪੌਲਸੀ ਸ਼ਾਇਦ ਘੱਟੋ ਘੱਟ 20 ਸਫਿਆਂ ਦੀ ਹੁੰਦੀ ਹੈ, ਅਤੇ ਕਦੇ ਕਦੇ ਜ਼ਿਆਦਾ ਲੰਮੀ ਹੁੰਦੀ ਹੈ। ਤੁਸੀਂ ਕੰਮ-ਮਾਲਕ ਜਾਂ ਇਨਸ਼ੋਰੈਂਸ ਕੰਪਨੀ ਤੋਂ ਕਾਪੀ ਮੰਗ ਸਕਦੇ ਹੋ।

## ਆਪਣੀ ਫਾਇਲ ਲਓ

ਤੁਸੀਂ ਇਨਸ਼ੋਰੈਂਸ ਕੰਪਨੀ ਤੋਂ ਆਪਣੀ ਫਾਇਲ ਦੀ ਕਾਪੀ ਮੰਗ ਸਕਦੇ ਹੋ। ਤੁਹਾਡੀ ਫਾਇਲ ਵਿਚ ਉਹ ਸਾਰੀ ਜਾਣਕਾਰੀ ਹੁੰਦੀ ਹੈ ਜਿਹੜੀ ਇਨਸ਼ੋਰੈਂਸ ਕੰਪਨੀ ਕੋਲ ਤੁਹਾਡੇ ਬਾਰੇ ਹੈ। ਇਹ ਇਨਸ਼ੋਰੈਂਸ ਕੰਪਨੀ ਦੇ ਫੈਸਲਿਆਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਜੇ ਤੁਸੀਂ ਮੰਗਦੇ ਹੋ ਤਾਂ ਇਨਸ਼ੋਰੈਂਸ ਕੰਪਨੀ ਲਈ ਤੁਹਾਨੂੰ ਤੁਹਾਡੀ ਫਾਇਲ ਦੀ ਕਾਪੀ ਦੇਣਾ ਜ਼ਰੂਰੀ ਹੈ।

## ਸਮਾਂ-ਸੀਮਾ

ਜੇ ਤੁਸੀਂ ਆਪਣੀ ਡਿਸਏਬਿਲਟੀ ਕਰਕੇ ਕੰਮ ਕਰਨਾ ਜਾਰੀ ਰੱਖਣ ਦੇ ਅਯੋਗ ਹੋ ਤਾਂ ਤੁਹਾਨੂੰ ਇਨਸ਼ੋਰੈਂਸ ਦੇ ਭੱਤਿਆਂ ਲਈ ਫੌਰਨ ਅਪਲਾਈ ਕਰਨਾ ਚਾਹੀਦਾ ਹੈ। ਬਹੁਤੀਆਂ ਪੌਲਸੀਆਂ ਤੁਹਾਡੇ ਤੋਂ ਕੰਮ ਕਰਨ ਦੇ ਅਯੋਗ ਹੋ ਜਾਣ ਤੋਂ ਇਕ ਦਮ ਬਾਅਦ ਭੱਤਿਆਂ ਲਈ ਅਪਲਾਈ ਕਰਨ ਦੀ ਮੰਗ ਕਰਦੀਆਂ ਹਨ।

ਜੇ ਤੁਹਾਡੀ ਐਪਲੀਕੇਸ਼ਨ ਰੱਦ ਹੋ ਜਾਂਦੀ ਹੈ ਜਾਂ ਤੁਹਾਡੇ ਭੱਤੇ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਇਨਸ਼ੋਰੈਂਸ ਕੰਪਨੀ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਤੁਹਾਡੇ ਕੋਲ ਸੀਮਤ ਸਮਾਂ ਹੈ। ਇਨਸ਼ੋਰੈਂਸ ਕੰਪਨੀ ਦੀ ਅਪੀਲ ਦੀ ਕਾਰਵਾਈ "ਕਲੌਕ ਬੰਦ" ਨਹੀਂ ਕਰਦੀ। ਕਾਨੂੰਨੀ ਕਾਰਵਾਈ ਕਰਨ ਦਾ ਤੁਹਾਡਾ ਸਮਾਂ ਖਤਮ ਹੋ ਸਕਦਾ ਹੈ ਭਾਵੇਂ ਤੁਸੀਂ ਅਜੇ ਵੀ ਅਪੀਲ ਦੀ ਕਾਰਵਾਈ ਵਿਚ ਦੀ ਲੰਘ ਰਹੇ ਹੋਵੋ। ਕੋਈ ਵੀ ਕਾਨੂੰਨੀ ਕਲੇਮ ਸਮੇਂ ਦੀ ਸੀਮਾ ਦੇ ਵਿਚ ਵਿਚ ਕਰਨਾ ਯਾਦ ਰੱਖੋ। ਜੇ ਤੁਸੀਂ ਕਾਨੂੰਨੀ ਕਲੇਮ ਕਰਨ ਬਾਰੇ ਵਿਚਾਰ ਕਰ ਰਹੇ ਹੋ ਤਾਂ ਤੁਹਾਨੂੰ ਕਿਸੇ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ।

## ਕਾਨੂੰਨੀ ਸਲਾਹ ਲੈਣਾ

ਜੇ ਤੁਹਾਡੀ ਐਪਲੀਕੇਸ਼ਨ ਰੱਦ ਹੋ ਜਾਂਦੀ ਹੈ ਜਾਂ ਤੁਹਾਡੇ ਭੱਤੇ ਬੰਦ ਕਰ ਦਿੱਤੇ ਜਾਂਦੇ ਹਨ ਤਾਂ ਤੁਹਾਨੂੰ ਕਾਨੂੰਨੀ ਸਲਾਹ ਲੈਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਕੋਈ ਅਜਿਹਾ ਵਕੀਲ ਲੱਭਣ ਦੀ ਕੋਸ਼ਿਸ਼ ਕਰੋ ਜਿਸ ਨੂੰ ਡਿਸਏਬਿਲਟੀ ਇਨਸ਼ੋਰੈਂਸ ਦੇ ਕਲੇਮ ਕਰਨ ਦਾ ਤਜਰਬਾ ਹੋਵੇ। ਕੁਝ ਵਕੀਲ ਮੁਫਤ ਮੁਢਲਾ ਸਲਾਹ-ਮਸ਼ਵਰਾ ਦੇਣਗੇ ਪਰ ਸਾਰੇ ਨਹੀਂ।

ਡੀ ਏ ਬੀ ਸੀ ਦਾ ਡਿਸਏਬਿਲਟੀ ਲਾਅ ਕਲੀਨਿਕ, ਲੰਮੇ ਸਮੇਂ ਲਈ ਡਿਸਏਬਿਲਟੀ ਭੱਤਿਆਂ ਵਾਸਤੇ ਐਪਲੀਕੇਸ਼ਨਾਂ ਵਿਚ ਮਦਦ ਨਹੀਂ ਕਰਦਾ, ਅਤੇ ਇਹ ਇਨਸ਼ੋਰੈਂਸ ਕਲੇਮਾਂ ਵਿਚ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦਾ। ਪਰ, ਜੇ ਤੁਹਾਡੀ ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ ਵਾਸਤੇ ਐਪਲੀਕੇਸ਼ਨ ਰੱਦ ਕਰ ਦਿੱਤੀ ਜਾਂਦੀ ਹੈ, ਜਾਂ ਜੇ ਤੁਸੀਂ ਲੰਮੇ ਸਮੇਂ ਲਈ ਡਿਸਏਬਿਲਟੀ ਇਨਸ਼ੋਰੈਂਸ ਲੈ ਰਹੇ ਹੋ ਅਤੇ ਇਨਸ਼ੋਰੈਂਸ ਕੰਪਨੀ ਨੇ ਇਹ ਬੰਦ ਕਰਨ ਦੀ ਧਮਕੀ ਦਿੱਤੀ ਹੈ, ਅਤੇ ਤੁਹਾਡੇ ਘਰ ਦੀ ਆਮਦਨ ਘੱਟ ਜਾਂ ਸੀਮਤ ਹੈ ਤਾਂ ਕਲੀਨਿਕ ਇਹ ਦੱਸਣ ਲਈ ਕਿਸੇ ਵਕੀਲ ਨਾਲ ਅਪੌਂਇੰਟਮੈਂਟ ਬਣਾ ਸਕਦਾ ਹੈ ਕਿ ਤੁਹਾਨੂੰ ਨਾਂਹ ਕਿਉਂ ਕੀਤੀ ਗਈ ਸੀ ਅਤੇ ਸੰਭਵ ਅਗਲੇ ਕਦਮ ਕਿਹੜੇ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਸਲਾਹ ਨਹੀਂ ਦੇ ਸਕਦੇ ਜਿਹੜੇ ਕਿਸੇ ਯੂਨੀਅਨ ਦਾ ਹਿੱਸਾ ਹਨ।

**ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਜਾਣਕਾਰੀ ਦੇਣ ਦੇ ਮੰਤਵਾਂ ਲਈ ਹੈ, ਅਤੇ ਇਹ ਕਿਸੇ ਵੀ ਮੁੱਦੇ 'ਤੇ ਕਾਨੂੰਨੀ ਸਲਾਹ ਦੇ ਰੂਪ ਵਿਚ ਨਹੀਂ ਸਮਝੀ ਜਾਣੀ ਚਾਹੀਦੀ।*

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਡਿਸਏਬਿਲਟੀ ਲਾਅ ਕਲੀਨਿਕ ਵਲੋਂ ਤਿਆਰ ਕੀਤੀ ਗਈ ਸੀ।**
**ਇਸ ਹੈਲਪ ਸ਼ੀਟ ਲਈ ਫੰਡ ਦੇਣ ਵਾਸਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 236-427-1108 • ਫੈਕਸ 604-875-9227
ਟੋਲ ਫਰੀ 1-800-663-1278 • https://disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.